# ਮਾਤਾ-ਪਿਤਾ ਅਤੇ ਵਿਦਿਆਰਥੀਆਂ ਲਈ ਸੂਚਨਾ

**ਇਸ ਪਤਝੜ ਦੀ ਰੁੱਤ ਦੌਰਾਨ ਸਾਡਾ ਸਕੂਲ ਹੈਲਦੀ ਯੂਥ ਸਰਵੇ (ਤੰਦਰੁਸਤ ਨੌਜੁਆਨਾਂ ਬਾਰੇ ਸਰਵੇਖਣ) ਵਿੱਚ ਹਿੱਸਾ ਲਏਗਾ।**

ਸਰਵੇਖਣ ਵਿੱਚ ਸੱਟ-ਫੇਟ, ਸਿਹਤ-ਨਤੀਜਿਆਂ ਅਤੇ ਸ਼ਰਾਬ ਤੇ ਨਸ਼ੇ ਦੀ ਵਰਤੋਂ ਨਾਲ ਹੋਣ ਵਾਲੇ ਜੋਖਮਾਂ ਬਾਰੇ ਸੁਆਲ ਪੁੱਛੇ ਜਾਂਦੇ ਹਨ। ਆਪਣੇ ਨੌਜੁਆਨਾਂ ਦੀ ਮਦਦ ਕਰਨ ਅਤੇ ਉਹਨਾਂ ਦੇ ਜੋਖਮਾਂ ਨੂੰ ਘਟਾਉਣ ਲਈ ਸਕੂਲ ਅਤੇ ਸਟੇਟ ਅਤੇ ਸਥਾਨਕ ਏਜੰਸੀਆਂ ਸਰਵੇਖਣ ਦੇ ਨਤੀਜਿਆਂ ਦੀ ਵਰਤੋਂ ਕਰਦੀਆਂ ਹਨ। ਹੈਲਦੀ ਯੂਥ ਸਰਵੇ ਵਾੱਲੰਟਰੀ ਹੈ ਅਤੇ ਅਨਾਮ ਹੈ ਅਤੇ ਇਸ ਗਾਈਡ ਪਾੱਲਿਸੀ ਅਤੇ ਪ੍ਰੋਗਰਾਮਾਂ ਨੂੰ ਅਹਿਮ ਜਾਣਕਾਰੀ ਮੁਹੱਈਆ ਕਰਦਾ ਹੈ, ਜੋ ਸਾਡੇ ਨੌਜੁਆਨਾਂ ਨੂੰ ਸੇਵਾਵਾਂ ਦਿੰਦੇ ਹਨ।

*ਕਿਰਪਾ ਕਰਕੇ ਇਹ ਜਾਣਕਾਰੀ ਆਪਣੇ ਵਿਦਿਆਰਥੀ ਨਾਲ ਸਾਂਝੀ ਕਰੋ।*
*ਫਿਰ ਸਰਵੇਖਣ ਬਾਰੇ ਗੱਲ ਕਰੋ ਅਤੇ ਫ਼ੈਸਲਾ ਕਰੋ ਕਿ ਤੁਹਾਡਾ ਵਿਦਿਆਰਥੀ ਹਿੱਸਾ ਲਏਗਾ।*

**ਸੁ: ਸਰਵੇਖਣ ਕਰਨ ਲਈ ਕਿਸ ਨੂੰ ਪੁੱਛਿਆ ਜਾਏਗਾ?**
**ਜ:** ਪੂਰੇ ਵਾੱਸ਼ਿੰਗਟਨ ਸਟੇਟ ਵਿੱਚ ਗ੍ਰੇਡ 6, 8, 10, ਅਤੇ 12 ਦੇ ਵਿਦਿਆਰਥੀ ਅਤੇ ਛੋਟੀਆਂ ਸਕੂਲ ਡਿਸਟ੍ਰਿਕਟਾਂ ਵਿੱਚ ਗ੍ਰੇਡ 7, 9 ਅਤੇ 11 ਦੇ ਵਿਦਿਆਰਥੀ।

**ਸੁ: ਕੀ ਸਰਵੇਖਣ ਵਾੱਲੰਟਰੀ ਹੈ?**
**ਜ:** ਹਾਂ! ਸਰਵੇਖਣ ਕਰ ਰਹੇ ਵਿਦਿਆਰਥੀ ਸੁਆਲ ਛੱਡ ਸਕਦੇ ਹਨ ਅਤੇ ਕਿਸੇ ਵੀ ਸਮੇਂ ਸਰਵੇਖਣ ਕਰਨਾ ਬੰਦ ਕਰ ਸਕਦੇ ਹਨ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਵਿਦਿਆਰਥੀ ਸਰਵੇਖਣ ਵਿੱਚ ਹਿੱਸਾ ਲਏ, ਤਾਂ ਆਪਣੇ ਵਿਦਿਆਰਥੀ ਲਈ ਨਾਂਹ ਕਹਿਣ ਵਾਸਤੇ ਤੁਸੀਂ ਸਕੂਲ ਨੂੰ ਕਾੱਲ ਕਰ ਸਕਦੇ ਹੋ। ਵਿਦਿਆਰਥੀ ਆਪਣੇ ਅਧਿਆਪਕ ਨੂੰ ਵੀ ਕਹਿ ਸਕਦੇ ਹਨ ਕਿ ਉਹ ਸਰਵੇਖਣ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ। ਸਰਵੇਖਣ ਵਿੱਚ ਹਿੱਸਾ ਨਹੀਂ ਲੈ ਰਹੇ ਵਿਦਿਆਰਥੀ ਇੱਕ ਵੱਖ ਸਰਗਰਮੀ ਵਿੱਚ ਹਿੱਸਾ ਲੈਣਗੇ, ਜਿਵੇਂ ਲਾਇਬ੍ਰੇਰੀ ਵਿੱਚ ਅਧਿਅਨ ਕਰਨਾ ਜਾਂ ਪੜ੍ਹਨਾ। ਸਰਵੇਖਣ ਵਿੱਚ ਹਿੱਸਾ ਨਾ ਲੈਣ ਦੀ ਕੋਈ ਸਜ਼ਾ ਨਹੀਂ ਹੈ। ਤੁਹਾਡੇ ਵਿਦਿਆਰਥੀ ਦੇ ਗ੍ਰੇਡਾਂ 'ਤੇ ਅਸਰ ਨਹੀਂ ਪਏਗਾ।

**ਸੁ: ਸਰਵੇਖਣ ਵਿੱਚ ਕਿਸ ਤਰ੍ਹਾਂ ਦੇ ਸੁਆਲ ਹਨ?**
**ਜ:** ਸਰਵੇਖਣ ਵਿੱਚ ਸ਼ਾਮਿਲ ਸੁਆਲ ਪੂਰੇ ਦੇਸ਼ ਅਤੇ ਵਾੱਸ਼ਿੰਗਟਨ ਵਿਚਲੇ ਸਰਵੇਖਣਾਂ ਤੋਂ ਆਉਂਦੇ ਹਨ। ਮਾਤਾ-ਪਿਤਾ ਜਾਂ ਸਰਪ੍ਰਸਤ ਆਪਣੇ ਸਕੂਲ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਤਾਂ ਜੋ ਉਹ ਪ੍ਰਸ਼ਨਾਵਲੀ ਦੀ ਕਾਪੀ ਦੇਖ ਸਕਣ ਜਾਂ www.askhys.net 'ਤੇ ਸੁਆਲਾਂ ਦੀ ਸਮੀਖਿਆ ਕਰ ਸਕਣ।

ਕੁਝ ਵਿਸ਼ਿਆਂ ਵਿੱਚ ਇਹ ਸ਼ਾਮਲ ਹਨ:

- ਜਾਣਕਾਰੀ, ਜਿਵੇਂ ਕਿ ਉਮਰ, ਲਿੰਗ, ਨਸਲ ਅਤੇ ਬੰਸ
- ਸਕੂਲ ਅਤੇ ਭਾਈਚਾਰੇ ਬਾਰੇ ਅਹਿਸਾਸ
- ਮਾਤਾ-ਪਿਤਾ, ਦੋਸਤਾਂ ਅਤੇ ਗੁਆਂਢੀਆਂ ਨਾਲ ਰਿਸ਼ਤਾ
- ਖਾਣ-ਪੀਣ ਦੇ ਸ਼ੌਂਕ, ਸਰੀਰਕ ਸਰਗਰਮੀ
- ਸਿਹਤ ਸਿੱਖਿਆ
- ਤਮਾਖੂ, ਸ਼ਰਾਬ ਅਤੇ ਨਸ਼ਿਆਂ ਬਾਰੇ ਅਤੇ ਉਹਨਾਂ ਦੀ ਵਰਤੋਂ ਬਾਰੇ ਨਜ਼ਰੀਆ
- ਸੁਰੱਖਿਆ ਸਬੰਧੀ ਵਿਹਾਰ ਅਤੇ ਅਹਿਸਾਸ
- ਹਿੰਸਾ ਸਬੰਧੀ ਵਿਹਾਰ
- ਲਿੰਗੀ ਪਛਾਣ (ਗ੍ਰੇਡ 6 ਅਤੇ 7* ਲਈ ਵਿਕਲਪਿਕ ਅਤੇ ਸਰਲ ਰੂਪ ਵਿੱਚ ਉਪਲਬਧ)
- ਜਿਨਸੀ ਰੁਝਾਨ (ਗ੍ਰੇਡ 6 ਅਤੇ 7 ਲਈ ਨਹੀਂ)
- ਜਿਨਸੀ ਵਿਹਾਰ, ਦੁਰਵਿਵਹਾਰ ਅਤੇ ਸ਼ੋਸ਼ਣ (ਗ੍ਰੇਡ 6 ਅਤੇ 7 ਲਈ ਨਹੀਂ)

* ਜਦੋਂ ਤੱਕ ਸਕੂਲ ਖਾਸ ਤੌਰ 'ਤੇ ਇਹ ਸੁਆਲ ਪੁੱਛਣ ਦੀ ਚੋਣ ਨਹੀਂ ਕਰਦੇ, ਤਦੋਂ ਤੱਕ ਵਿਦਿਆਰਥੀਆਂ ਨੂੰ ਆਪਣੀ ਲਿੰਗੀ ਪਛਾਣ ਦੀ ਰਿਪੋਰਟ ਕਰਨ ਲਈ ਨਹੀਂ ਕਿਹਾ ਜਾਵੇਗਾ।

**ਸੁ: ਵਿਦਿਆਰਥੀ ਦੀ ਪਛਾਣ ਦੀ ਰਾਖੀ ਕਿਵੇਂ ਕੀਤੀ ਜਾਂਦੀ ਹੈ?**
**ਜ:** HYS ਹਮੇਸ਼ਾ ਵਾੱਲੰਟਰੀ ਹੁੰਦਾ ਹੈ ਅਤੇ ਵਿਦਿਆਰਥੀਆਂ ਨੂੰ ਸਰਵੇਖਣ 'ਤੇ ਆਪਣੇ ਨਾਂ ਨਹੀਂ ਲਿਖਣੇ ਪੈਣਗੇ। ਕਿਸੀ ਵਿਦਿਆਰਥੀ ਦੇ ਸਰਵੇਖਣ ਨਾਲ ਮੇਲ ਖਾਂਦੇ ਕੋਈ ਕੋਡ ਜਾਂ ਜਾਣਕਾਰੀ ਨਹੀਂ ਹੁੰਦੀ ਹੈ। ਸਕੂਲ ਤੋਂ ਉਹਨਾਂ ਦੇ ਜਵਾਬ ਕੋਈ ਨਹੀਂ ਵੇਖੇਗਾ। ਪੂਰਾ ਹੋਣ 'ਤੇ ਵਿਦਿਆਰਥੀ ਆਪਣੇ ਭਰੇ ਹੋਏ ਸਰਵੇਖਣ ਰਾਜ਼ਦਾਰੀ ਨਾਲ ਜਮ੍ਹਾ ਕਰਨਗੇ।
ਜੇ ਵਿਦਿਆਰਥੀਆਂ ਦੇ ਜਵਾਬਾਂ ਤੱਕ ਅਣਅਧਿਕਾਰਤ ਪਹੁੰਚ ਸੀ, ਤਾਂ ਕੋਈ ਵਿਅਕਤੀ ਸਕੂਲ, ਗ੍ਰੇਡ, ਅਤੇ ਨਸਲ/ਬੰਸ ਵਰਗੀ ਜਾਣਕਾਰੀ ਦੀ ਵਰਤੋਂ ਕਰਕੇ ਕਿਸੇ ਵਿਸ਼ੇਸ਼ ਵਿਦਿਆਰਥੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਹਾਲਾਂਕਿ, ਅਸੀਂ ਰਾਜ਼ਦਾਰੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਵਿਦਿਆਰਥੀਆਂ ਦੇ ਜਵਾਬਾਂ ਤੱਕ ਅਣਅਧਿਕਾਰਤ ਪਹੁੰਚ ਨੂੰ ਰੋਕਣ ਵਾਸਤੇ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਰਵੇਖਣ 'ਤੇ ਇਕੱਤਰ ਕੀਤੀ ਗਈ ਸੰਵੇਦਨਸ਼ੀਲ ਜਾਣਕਾਰੀ ਗੁਮਨਾਮ ਰਹੇਗੀ, ਅਸੀਂ ਕਈ ਕਦਮਾਂ ਦੀ ਵਰਤੋਂ ਕਰਦੇ ਹਾਂ। ਤੁਸੀਂ ਇੱਥੇ ਹੋਰ ਜਾਣ ਸਕਦੇ ਹੋ: https://www.AskHYS.net/HYS/HYSInformation

**ਸੁ: ਸਰਵੇਖਣ ਦੇ ਨਤੀਜਿਆਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?**
**ਜ:** ਸ ਸਕੂਲ, ਸਕੂਲ ਡਿਸਟ੍ਰਿਕਟ, ਕਾਉਂਟੀਆਂ ਅਤੇ ਸਟੇਟ ਏਜੰਸੀਆਂ ਸਾਡੇ ਵਿਦਿਆਰਥੀਆਂ ਨੂੰ ਸਮਝਣ ਅਤੇ ਉਹਨਾਂ ਨੂੰ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੀਆਂ ਹਨ। ਪਲਾਨ ਬਣਾਉਣ, ਮੁਲਾਂਕਣ ਕਰਨ ਅਤੇ ਪ੍ਰੋਗਰਾਮਾਂ ਨੂੰ ਬਿਹਤਰ ਬਣਾਉਣ ਲਈ ਉਹਨਾਂ ਦੀ ਮਦਦ ਕਰਨ ਵਾਸਤੇ ਰਕਮਾਂ ਹਾਸਿਲ ਕਰਨ ਵਾਸਤੇ ਨਤੀਜਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਅਨਾਮ ਡੇਟਾ ਸਥਾਨਕ ਸਿਹਤ ਵਿਭਾਗਾਂ, ਕਬਾਇਲੀ ਮਹਾਂਮਾਰੀ ਵਿਗਿਆਨ ਕੇਂਦਰਾਂ, ਅਤੇ ਪ੍ਰਵਾਨਿਤ ਖੋਜਕਰਤਾਵਾਂ ਨਾਲ ਵੀ ਸਾਂਝੇ ਕੀਤੇ ਜਾਂਦੇ ਹੈ।

**ਹੋਰ ਜਾਣਕਾਰੀ ਚਾਹੀਦੀ ਹੈ?**
ਜੇ ਸਰਵੇਖਣ ਦੇ ਉਦੇਸ਼ ਜਾਂ ਸਰਵੇਖਣ ਦੀਆਂ ਕਾਰਵਾਈਆਂ ਬਾਰੇ ਤੁਹਾਡੇ ਕੋਈ ਸੁਆਲ ਹਨ:

- ਟੋਲ-ਫ੍ਰੀ 1-877-HYS-7111 'ਤੇ ਕਾੱਲ ਕਰੋ
- ਈਮੇਲ ਕਰੋ: healthy.youth@doh.wa.gov

ਹੈਲਦੀ ਯੂਥ ਸਰਵੇ ਬਾਰੇ ਜਾਣਕਾਰੀ, ਇਸਤੇ ਮਿਲ ਸਕਦੀ ਹੈ: www.AskHYS.net

ਵਾੱਸ਼ਿੰਗਟਨ ਸਟੇਟ ਇੰਸਟੀਟਿਊਸ਼ਨਲ ਰਿਵਿਊ ਬੋਰਡ ਨੇ ਹੈਲਦੀ ਯੂਥ ਸਰਵੇ ਲਈ ਪ੍ਰਕਿਰਿਆਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸਦਾ ਵੇਰਵਾ ਇੱਸ ਪੱਤਰ ਵਿੱਚ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਇਹਨਾਂ ਪ੍ਰਕਿਰਿਆਵਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ, ਤਾਂ ਕਿਰਪਾ ਕਰਕੇ 1-800-583-8488'ਤੇ ਕਾੱਲ ਕਰੋ। ਤੁਹਾਨੂੰ ਆਪਣਾ ਨਾਂ ਨਹੀਂ ਛੱਡਣਾ ਪੈਂਦਾ। ਸਾਰੇ ਮੈਸੇਜ ਵਾਪਸ ਕਰ ਦਿੱਤੇ ਜਾਣਗੇ।

**ਵਿਦਿਆਰਥੀ 2002 ਤੋਂ ਹੀ ਯੂਥ ਹੈਲਦੀ ਸਰਵੇ ਕਰ ਰਹੇ ਹਨ। ਇੱਕ ਸਾਲ ਵਿੱਚ ਸਿਰਫ਼ ਕੁਝ ਹਜ਼ਾਰ ਵਿਦਿਆਰਥੀਆਂ ਦੀ ਤਦਾਦ ਵਧਕੇ 230,000 ਤੋਂ ਉੱਪਰ ਪਹੁੰਚ ਗਈ ਹੈ!**

ਇਸ ਜਾਣਕਾਰੀ ਦਾ ਜਾਇਜ਼ਾ ਲੈਣ ਅਤੇ ਆਪਣੇ ਵਿਦਿਆਰਥੀ ਨਾਲ ਗੱਲ ਕਰਨ ਲਈ ਸ਼ੁਕਰੀਆ!

*ਹੈਲਦੀ ਯੂਥ ਸਰਵੇ ਨੂੰ ਹੇਠਾਂ ਦਿੱਤੀਆਂ ਸਟੇਟ ਏਜੰਸੀਆਂ ਨੇ ਸਪਾਂਸਰ ਕੀਤਾ ਹੈ: ਸਿਹਤ ਸੰਭਾਲ ਅਥਾੱਰਿਟੀ – ਵਿਹਾਰ ਸਬੰਧੀ ਸਿਹਤ ਅਤੇ ਰਿਕਵਰੀ ਡਿਵੀਜ਼ਨ, ਸਿਹਤ ਵਿਭਾਗ, ਸਰਕਾਰੀ ਸਿੱਖਿਆ ਬਾਰੇ ਸੁਪਰਇੰਟੈਂਡੈਂਟ ਦਾ ਦਫ਼ਤਰ ਅਤੇ ਸ਼ਰਾਬ ਅਤੇ ਭੰਗ ਸਬੰਧੀ ਬੋਰਡ।*